# ਭੋਜਨ ਯੋਜਨਾਂ ਦੀ ਸਮੀਖਿਆ ਲਈ ਔਨਲਾਈਨ ਅਰਜੀਆਂ ਜਮ੍ਹਾਂ ਕਰਨ ਲਈ ਨਿਰਦੇਸ਼


SNOHOMISH COUNTY HEALTH DEPARTMENT

## ਇੱਕ ਖਾਤਾ ਬਣਾਉਣ ਬਾਰੇ





ਤੁਸੀਂ ਭੋਜਨ ਕਾਰੋਬਾਰ ਦਾ ਵੈੱਬਪੰਨਾ ਸ਼ੁਰੂ ਕਰਨਾ ਰਾਹੀਂ ਸਾਡੇ ਔਨਲਾਈਨ ਪੋਰਟਲ 'ਤੇ ਜਾ ਸਕਦੇ ਹੋ।


- ਅਪਲਾਈ ਔਨਲਾਈਨ ਬਟਨ 'ਤੇ ਕਲਿੱਕ ਕਰੋ।
- ਇਹ ਤੁਹਾਨੂੰ ਸਾਈਨ ਇਨ ਕਰੋ ਪੰਨੇ 'ਤੇ ਲੈ ਜਾਵੇਗਾ।
- ਮੈਂ ਰਜਿਸਟਰ ਕਰਨਾ ਚਾਹੁੰਦਾ ਹਾਂ 'ਤੇ ਕਲਿੱਕ ਕਰੋ।
- ਇੱਕ ਖਾਤਾ ਬਣਾਓ:
  - ਆਪਣਾ ਨਾਮ ਅਤੇ ਈਮੇਲ ਪਤਾ ਦਰਜ ਕਰੋ।
  - ਆਪਣੇ ਖਾਤੇ ਲਈ ਇੱਕ ਵਰਤੋਂਕਾਰ ਨਾਮ ਅਤੇ ਪਾਸਵਰਡ ਬਣਾਓ।
  - ਰਜਿਸਟਰ ਕਰੋ 'ਤੇ ਕਲਿੱਕ ਕਰੋ।
  - ਤੁਹਾਨੂੰ ਇੱਕ ਪੁਸ਼ਟੀਕਰਨ ਈਮੇਲ ਪ੍ਰਾਪਤ ਹੋਵੇਗੀ।
  - ਪੁਸ਼ਟੀਕਰਨ ਲਿੰਕ 'ਤੇ ਕਲਿੱਕ ਕਰੋ।




## ਅਰਜੀ ਨੂੰ ਡਾਉਨਲੋਡ ਕਰਨਾ ਅਤੇ ਭਰਨਾ




- ਸਾਈਨ ਇਨ ਪੰਨੇ 'ਤੇ ਜਾਓ ਅਤੇ ਸਾਈਨ ਇਨ ਕਰੋ।
- ਇਹ ਤੁਹਾਨੂੰ ਔਨਲਾਈਨ ਪੋਰਟਲ ਦੇ ਹੋਮ ਪੰਨੇ 'ਤੇ ਲੈ ਜਾਵੇਗਾ।
- ਅਰਜ਼ੀ ਦੀ ਪ੍ਰਕਿਰਿਆ ਸ਼ੁਰੂ ਕਰੋ:
  - ਭੋਜਨ ਯੋਜਨਾ ਸਮੀਖਿਆ 'ਤੇ ਕਲਿੱਕ ਕਰੋ।
  - ਚੋਣ ਕਰੋ ਕਿ ਤੁਹਾਨੂੰ ਕਿਸ ਕਿਸਮ ਦੀ ਯੋਜਨਾ ਸਮੀਖਿਆ ਦੀ ਅਰਜੀ ਦੀ ਲੋੜ ਹੈ। ਇੱਕ ਨਵੇਂ ਰੈਸਟੋਰੈਂਟ ਲਈ, ਆਮ ਭੋਜਨ ਯੋਜਨਾ ਦੀ ਸਮੀਖਿਆ ਨੂੰ ਚੁਣੋ।
  - ਇਹ ਤੁਹਾਨੂੰ **ਯੋਜਨਾ ਸਮੀਖਿਆ ਦੇ** ਸੰਖੇਪ ਪੰਨੇ 'ਤੇ ਲੈ ਜਾਵੇਗਾ। ਇਹ ਪਹਿਲਾ ਪੰਨਾ ਅਰਜ਼ੀ ਪ੍ਰਕਿਰਿਆ ਦੀ ਸਮੀਖਿਆ ਕਰਦਾ ਹੈ।
  - ਪੰਨਿਆਂ 'ਤੇ ਜਾਣ ਲਈ ਅੱਗੇ 'ਤੇ ਕਲਿੱਕ ਕਰੋ।
  - ਦੂਜਾ ਪੰਨਾ ਯੋਜਨਾ ਸਮੀਖਿਆ ਦੀਆਂ ਵੱਖ-ਵੱਖ **ਕਿਸਮਾਂ** ਦਾ ਵਰਣਨ ਕਰਦਾ ਹੈ।
  - ਤੀਜਾ ਪੰਨਾ ਯੋਜਨਾ ਸਮੀਖਿਆ **ਚੈੱਕਲਿਸਟ** 'ਤੇ ਲੈ ਜਾਂਦਾ ਹੈ। ਇਸ ਪੰਨੇ ਵਿੱਚ ਆਮ ਯੋਜਨਾ ਸਮੀਖਿਆ ਗਾਈਡ ਅਤੇ ਅਰਜੀ ਪੈਕੇਟ ਦੇ ਲਿੰਕ ਸ਼ਾਮਲ ਹਨ। ਚੈਕਲਿਸਟ ਦੱਸਦੀ ਹੈ ਕਿ ਅਰਜੀ ਨੂੰ ਔਨਲਾਈਨ ਪੂਰਾ ਕਰਨ ਲਈ ਕੀ ਕਰਨ ਦੀ ਲੋੜ ਹੁੰਦੀ ਹੈ। ਲਿਸਟ ਵਿੱਚ ਪੂਰਕ ਦਸਤਾਵੇਜ਼ ਵੀ ਸ਼ਾਮਲ ਹਨ ਜਿਨ੍ਹਾਂ ਨੂੰ ਅਰਜ਼ੀ ਦੇ ਨਾਲ ਸ਼ਾਮਲ ਕਰਨ ਦੀ ਲੋੜ ਹੁੰਦੀ ਹੈ। ਹਰੇਕ ਪੂਰਕ ਦਸਤਾਵੇਜ਼ ਲਈ, ਇੱਕ ਨਮੂਨੇ ਲਈ ਇੱਕ ਲਿੰਕ ਹੁੰਦਾ ਹੈ ਤਾਂ ਜੋ ਤੁਸੀਂ ਵੇਖ ਸਕੋ ਕਿ ਯੋਜਨਾ ਸਮੀਖਿਅਕ ਕੀ ਉਮੀਦ ਕਰ ਰਹੇ ਹਨ।
  - ਇੱਕ ਵਾਰ ਜਦੋਂ ਤੁਸੀਂ ਚੈਕਲਿਸਟ ਦੀ ਸਮੀਖਿਆ ਕਰ ਲੈਂਦੇ ਹੋ ਅਤੇ ਅਰਜੀ ਪੈਕੇਟ ਨੂੰ ਡਾਊਨਲੋਡ ਕਰਨ ਲਈ ਤਿਆਰ ਹੋ ਜਾਂਦੇ ਹੋ, ਤਾਂ ਚੈੱਕਲਿਸਟ ਦੇ ਉੱਪਰ ਸਥਿਤ ਅਰਜੀ ਪੈਕੇਟ ਲਿੰਕ 'ਤੇ ਕਲਿੱਕ ਕਰੋ।
  - ਇਹ ਲਿੰਕ ਭਰਨ ਯੋਗ ਅਰਜੀ ਪੈਕੇਟ ਨੂੰ ਖੋਲ੍ਹਦਾ ਹੈ।
  - ਭਰਨ ਲਈ ਅਰਜੀ ਪੈਕੇਟ ਨੂੰ ਆਪਣੇ ਕੰਪਿਊਟਰ 'ਤੇ ਸੇਵ ਕਰੋ।



General Food Plan Review - Checklist

| Document | Description |
|---|---|
| New Plan Review Questionnaire | Complete the plan review questionnaire for this project. |
| Water and Sewer Review Form and Agency List | Provide proof that the facility is connected to an approved water and sewer or septic system. |
| Equipment List | Provide make and model numbers of all equipment (including countertop appliances). Show location on floor plan. For remodels both new and existing equipment must be shown on the floor plan. Only commercial grade, National Sanitation Foundation (NSF) or equivalent equipment is acceptable. |
| Finish Schedule | Provide the materials used for all floors, walls, ceilings, counters, and cabinets. |
| Food Sources | Provide a list of all food and beverage suppliers. |
| Catering Questionnaire | Complete the catering questionnaire only if you will cater. |
| Floor Plan | Provide a floor plan of the entire facility. Floor plan must show location of all equipment (sinks, refrigeration, cooking, hoods, blenders, countertop appliances, etc.), restrooms, storage areas, etc. Floor plan must be no smaller than ¼ equals 1'. Click here for a sample floor plan |
| Menu | Provide a detailed menu of all the food and beverages you will be serving or a list of food and beverages you will be selling. Include condiments, iced beverages and baked goods. Be sure to include specials and seasonal items. Only food and beverages listed may be served. All breakfast, dinner, lunch, bar/lounge, happy hour, kids, catering, and online menus must be submitted. Click here for a sample menu |
| Food Preparation Steps | Provide a description of how all menu items will be prepared. Click here for sample food preparation steps |
| Business License | Provide a copy of your Washington State Department of Revenue issued business license. |

← Previous | Next → | Submit

- ਇਸਦੇ ਤੁਹਾਡੇ ਕੰਪਿਊਟਰ ਵਿੱਚ ਸੇਵ ਹੋਣ 'ਤੇ ਸਾਈਨ ਆਉਟ ਕਰੋ ਅਤੇ ਸਾਰੇ ਲੋੜੀਂਦੇ ਦਸਤਾਵੇਜ਼ਾਂ ਨੂੰ ਪੂਰਾ ਕਰੋ। ਉਦੋਂ ਤੱਕ ਜਾਰੀ ਨਾ ਰੱਖੋ ਜਦੋਂ ਤੱਕ ਤੁਹਾਡੇ ਕੋਲ ਪੂਰਕ ਦਸਤਾਵੇਜ਼ਾਂ ਸਮੇਤ ਸਾਰੇ ਲੋੜੀਂਦੇ ਦਸਤਾਵੇਜ਼ ਤਿਆਰ ਨਹੀਂ ਹੋ ਜਾਂਦੇ ਹਨ।

## ਐਪਲੀਕੇਸ਼ਨ ਨੂੰ ਔਨਲਾਈਨ ਜਮ੍ਹਾਂ ਕਰਨਾ

ਇੱਕ ਵਾਰ ਜਦੋਂ ਤੁਹਾਡੇ ਕੋਲ ਪੈਕੇਟ ਅਤੇ ਪੂਰਕ ਸਮੱਗਰੀ ਤਿਆਰ ਹੋ ਜਾਂਦੀ ਹੈ, ਤਾਂ ਔਨਲਾਈਨ ਪੋਰਟਲ ਵਿੱਚ ਸਾਈਨ ਇਨ ਕਰੋ। ਪੰਨਿਆਂ 'ਤੇ ਜਾਣ ਲਈ ਅਗਲਾ 'ਤੇ ਕਲਿੱਕ ਕਰੋ।




- ਅਗਲਾ 'ਤੇ ਉਦੋਂ ਤੱਕ ਕਲਿੱਕ ਕਰੋ ਜਦੋਂ ਤੱਕ ਤੁਸੀਂ **ਸਥਾਪਨਾ** ਸੈਕਸ਼ਨ ਤੱਕ ਨਹੀਂ ਪਹੁੰਚ ਜਾਂਦੇ, ਇਹ ਭਰੋ:
  - ਰੈਸਟੋਰੈਂਟ ਦਾ ਨਾਮ।
  - ਰੈਸਟੋਰੈਂਟ ਦਾ ਪਤਾ।
  - ਬਿਲਡਿੰਗ ਦੀ ਜਾਂਚ ਕਰਨ ਵਾਲੀ ਏਜੰਸੀ ਦਾ ਨਾਮ।
- **ਮਾਲਕ** ਵਾਲੇ ਪੰਨੇ 'ਤੇ, ਇਹ ਭਰੋ:
  - ਮਾਲਕ ਦਾ ਨਾਮ, ਜੋ ਉਂਝ ਹੀ ਹੋਵੇ ਜਿਵੇ ਕਿ ਕਾਰੋਬਾਰੀ ਲਾਇਸੰਸ 'ਤੇ ਹੈ।
  - ਮਾਲਕ ਦਾ ਪਤਾ।
  - ਮਾਲਕ ਦੀ ਸੰਪਰਕ ਜਾਣਕਾਰੀ
- **ਸੰਪਰਕ** ਪੰਨੇ 'ਤੇ, ਉਸ ਵਿਅਕਤੀ ਦੀ ਜਾਣਕਾਰੀ ਭਰੋ ਜਿਸ ਨਾਲ ਯੋਜਨਾ ਸਮੀਖਿਅਕ, ਯੋਜਨਾ ਸਮੀਖਿਆ ਪ੍ਰਕਿਰਿਆ ਦੌਰਾਨ ਗੱਲਬਾਤ ਕਰੇਗਾ:
  - ਨਾਮ।
  - ਪਤਾ।
  - ਸੰਪਰਕ ਜਾਣਕਾਰੀ
- **ਪ੍ਰੋਜੈਕਟ ਦੇ ਵਰਣਨ** ਪੰਨੇ 'ਤੇ ਤੁਹਾਡੀ ਅਰਜ਼ੀ ਲਈ ਪ੍ਰੋਜੈਕਟ ਦੇ ਦਾਇਰੇ ਦਾ ਸੰਖੇਪ ਵਰਣਨ ਦਿਓ।
- **ਨੱਥੀ** ਪੰਨੇ 'ਤੇ, ਅਰਜੀ ਅਤੇ ਪੂਰਕ ਦਸਤਾਵੇਜ਼ਾਂ ਨੂੰ ਨੱਥੀ ਕਰੋ ਜਿਹੜੇ ਤੁਸੀਂ ਪਹਿਲਾਂ ਤਿਆਰ ਕੀਤੇ ਸਨ। ਹਰੇਕ ਦਸਤਾਵੇਜ ਲਈ:
- ਚੁਣੋ 'ਤੇ ਕਲਿੱਕ ਕਰੋ।
- ਦਸਤਾਵੇਜ ਚੁਣੋ।
- ਖੋਲ੍ਹੋ 'ਤੇ ਕਲਿੱਕ ਕਰੋ।




- ਇੱਕ ਵਾਰ ਸਾਰੇ ਦਸਤਾਵੇਜ਼ ਅੱਪਲੋਡ ਹੋਣ ਤੋਂ ਬਾਅਦ, ਅਗਲਾ 'ਤੇ ਕਲਿੱਕ ਕਰੋ।
- **ਭੁਗਤਾਨ** ਪੰਨਾ ਯੋਜਨਾ ਸਮੀਖਿਆ ਦੀ ਫੀਸ ਨੂੰ ਵਿਖਾਏਗਾ। ਅਗਲਾ 'ਤੇ ਕਲਿੱਕ ਕਰੋ।
- **ਸਮੀਖਿਆ** ਪੰਨਾ ਤੁਹਾਡੇ ਦੁਆਰਾ ਦਰਜ਼ ਕੀਤੀ ਅਤੇ ਅਪਲੋਡ ਕੀਤੀ ਗਈ ਸਾਰੀ ਜਾਣਕਾਰੀ ਨੂੰ ਵਿਖਾਏਗਾ। ਸਟੀਕਤਾ ਲਈ ਪੰਨੇ ਦੀ ਸਮੀਖਿਆ ਕਰੋ।


- ਜੇ ਕੋਈ ਜਾਣਕਾਰੀ ਗਲਤ ਹੈ, ਤਾਂ ਪੰਨਿਆਂ 'ਤੇ ਵਾਪਸ ਜਾਣ ਲਈ ਪਿਛਲਾ ਤੀਰ 'ਤੇ ਕਲਿੱਕ ਕਰੋ ਜਾਂ ਉਸ ਪੰਨੇ ਦੇ ਪੰਨੇ ਦੇ ਸਿਰਲੇਖ 'ਤੇ ਕਲਿੱਕ ਕਰੋ ਜਿਸ ਉੱਪਰ ਤੁਸੀਂ ਵਾਪਸ ਜਾਣਾ ਚਾਹੁੰਦੇ ਹੋ ਅਤੇ ਸੋਧ ਕਰਨਾ ਚਾਹੁੰਦੇ ਹੋ।
- ਜੇ ਜਾਣਕਾਰੀ ਸਹੀ ਹੈ, ਤਾਂ ਤੁਹਾਡੀ ਅਰਜ਼ੀ ਜਮ੍ਹਾਂ ਕਰਨ ਲਈ ਜਮ੍ਹਾਂ ਕਰੋ 'ਤੇ ਕਲਿੱਕ ਕਰੋ।

## ਔਨਲਾਈਨ ਅਰਜ਼ੀ ਦੀ ਸਥਿਤੀ ਦੀ ਜਾਂਚ ਕਰਨਾ

ਯੋਜਨਾ ਦੀ ਸਮੀਖਿਆ ਪ੍ਰਕਿਰਿਆ ਵਿੱਚ ਕਈ ਹਫ਼ਤਿਆਂ ਦਾ ਸਮਾਂ ਲੱਗ ਸਕਦਾ ਹੈ। ਔਨਲਾਈਨ ਤੁਹਾਡੀ ਅਰਜ਼ੀ ਦੀ ਸਥਿਤੀ ਦੀ ਜਾਂਚ ਕਰਨ ਲਈ:

- ਇੱਥੇ ਜਾਓ ਭੋਜਨ ਕਾਰੋਬਾਰ ਦਾ ਵੈੱਬਪੰਨਾ ਸ਼ੁਰੂ ਕਰਨਾ।
- ਅਰਜੀ ਦੀ ਸਥਿਤੀ ਦੀ ਜਾਂਚ ਕਰੋ ਬਟਨ 'ਤੇ ਕਲਿੱਕ ਕਰੋ।
- ਇਹ ਤੁਹਾਨੂੰ ਅਰਜੀ ਦੀ ਸਥਿਤੀ ਪੰਨੇ 'ਤੇ ਲੈ ਜਾਵੇਗਾ।
- ਬਿਨੈਕਾਰ ਦਾ ਨਾਮ ਜਾਂ ਸੁਵਿਧਾ ਕੇਂਦਰ ਦਾ ਨਾਮ ਦਰਜ ਕਰੋ।
- ਅਰਜੀ ਦੀ ਸਥਿਤੀ ਦੀ ਜਾਂਚ ਕਰਨ ਲਈ ਖੋਜੋ 'ਤੇ ਕਲਿੱਕ ਕਰੋ।




## ਸਾਨੂੰ ਸੰਪਰਕ ਕਰੋ

ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਸਾਡੀ ਭੋਜਨ ਸੁਰੱਖਿਆ ਟੀਮ ਨਾਲ ਸੰਪਰਕ ਕਰੋ:
ਇੱਥੇ ਈਮੇਲ Food.Safety@snoco.org ਕਰੋ ਜਾਂ ਸਾਡੀ ਭੋਜਨ ਸੁਰੱਖਿਆ ਦੀ ਵੌਇਸਮੇਲ ਲਾਈਨ ਨੂੰ ਇੱਥੇ ਕਾਲ ਕਰੋ:
425-339-8730